# ਏਕ ਤੁਈ ਏਕ ਤੁਈ

**ਸਲੋਕੁ ਮ:੧ ॥**

**ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ॥**

**ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ॥**

**ਏਕ ਤੂਹੀ ਏਕ ਤੁਹੀ॥੧॥**

**ਹਮ – ਤਮਾਮ; ਜੇਰ – ਅਧੀਨ, ਹੇਠਾਂ; ਮਸਾਇਕ – ਅਭਿਆਸ (ਬੰਦਗੀ) ਕਰਣ ਵਾਲੇ ਸਾਧਕ, ਸੇਖ਼; ਰਵਦਿ – ਗਮਨ ਕਰਨਾ, ਜਾਣਾ; ਅਫਜੂ – ਸਦਾ ਚਲਦਾ ਜਾਂ ਰਹਿਣ ਵਾਲਾ।**

ਇਹ ਪੰਕਤੀਆਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ, 'ਵਾਰ ਮਾਝ ਕੀ', ਦੀ ੧੩ਵੀਂ ਪਉੜੀ ਦੇ ਨਾਲ, ਪਹਿਲਾ ਸਲੋਕ ਹਨ। ਇਹ ਸਲੋਕ ਵੀ ਸ੍ਰੀ ਗੁਰੂ ਨਾਨਕ ਸਾਹਿਬ ਦਾ ਹੀ ਉਚਾਰਣ ਕੀਤਾ ਹੋਇਆ ਹੈ, ਜੋ, ਅੰਕ ੧੪੩ ਤੇ ਸੁਭਾਇਮਾਨ ਹੈ। ਅਸਲ ਵਾਰ, ਪਉੜੀਆਂ ਹੀ ਹੁੰਦੀਆਂ ਹਨ। ਸਲੋਕਾਂ ਨੂੰ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਹਰ ਇਕ ਪਉੜੀ ਦਾ ਭਾਵ ਸਪੱਸ਼ਟ ਕਰਨ ਲਈ ਹੀ ਨਾਲ ਜੋੜਿਆ ਸੀ।

ਇਹ ਸਲੋਕ, ਗੁਰਦੇਵ ਨੇ, ਅਕਾਲ ਪੁਰਖ ਦੀ ਉਸਤਤਿ ਵਿਚ, ਅਤਿਅੰਤ ਵਿਸਮਾਦ ਦੀ ਅਵੱਸਥਾ ਵਿਚ ਉਚਾਰਣ ਕੀਤੇ ਹਨ। ਠੀਕ ਇਸੇ ਅਵੱਸਥਾ ਵਿਚ ਦਸਮ ਪਾਤਸ਼ਾਹ ਨੇ 'ਤੁਹੀ ਤੁਹੀ॥...' ਦਾ ਅਲਾਪ ਕੀਤਾ ਸੀ ਜਿਸਦਾ ਅੰਸ਼, ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਅੰਕਤ ਹੈ।

**ਅਰਥ** : ਤਮਾਮ, ਕਹਿੰਦੇ ਕਹਾਉਂਦੇ, ਦੁਨੀਆਂ ਦੇ ਧਾਰਮਕ ਆਗੂ, ਪੀਰ, ਸੇਖ ਆਦਿ ਅਤੇ ਉਨ੍ਹਾਂ ਤੋਂ ਇਲਾਵਾ, ਰਾਜੇ ਵੀ, ਸਭ ਖਾਕ ਦੇ ਅਧੀਨ ਹਨ, ਭਾਵ, ਖਾਕ ਹੋ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਨੇ , ਪੰਨਾ ੯੩੬ ਤੇ, ਸਪੱਸ਼ਟ ਕਰ ਦਿਤਾ ਹੈ ਕਿ ਕੋਈ ਵੀ, ਭਾਵੇਂ ਰਾਜਾ, ਰਾਣਾ ਹੋਵੇ ਜਾਂ ਅਮੀਰ ਹੋਵੇ ਜਾਂ ਗਰੀਬ ਫ਼ਕੀਰ ਹੋਵੇ, ਕੋਈ ਵੀ ਇਸ ਦੁਨੀਆਂ ਵਿਚ ਪਕਾ ਨਹੀਂ ਰਿਹਾ। ਸਭ ਆਪੋ ਆਪਣੀ, ਨਿਸਚਿਤ ਹੋ ਚੁਕੀ ਵਾਰੀ ਅਨੁਸਾਰ ਚਲੇ ਗਏ, ਕੋਈ ਨਹੀਂ ਰੋਕ ਜਾਂ ਠਹਿਰਾ ਸਕਦਾ – 'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥ ਵਾਰੀ ਆਪੋ ਆਪਣੀ ਕੋਈ ਨ ਬੰਧੈ ਧੀਰ॥'

ਸੇਖ਼ ਫ਼ਰੀਦ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਫ਼ੁਰਮਾਣ ਕੀਤਾ ਹੈ ਕਿ ਇਹ ਜਗ ਨਾਸਮੰਤ ਹੈ, ਕੁਝ ਵੀ, ਕੋਈ ਵੀ ਸਦਾ ਥਿਰ ਰਹਿਣ ਵਾਲਾ ਨਹੀਂ, ਜਿਸ ਥਾਂ ਤੇ ਅਸੀਂ ਅਜ ਬੈਠੇ ਹਾਂ, ਇਥੇ ਅਨੇਕਾਂ ਬੈਠ ਕੇ ਚਲੇ ਗਏ – 'ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥', ਅੰਕ ੪੮੮. ਹੋਰ ਫ਼ੁਰਮਾਣ ਕਰਦੇ ਹਨ ਕਿ ਗੋਦੜੀ ਜਾਂ ਖਫ਼ਨੀ, ਭਾਵੇਂ, ਨਿਗੂੜੀ ਜਿਹੀ ਹੁੰਦੀ ਹੈ, ਪਰ, ਉਸਨੂੰ ਕਈ ਤ੍ਰੋਪੇ, ਟਾਂਕੇ ਜਾਂ ਸੀਣਾ ਵਜੀਆਂ ਹੁੰਦੀਆਂ ਹਨ। ਉਸ ਨੂੰ ਵੇਖ ਕੇ ਪਤਾ ਲਗ ਜਾਂਦਾ ਹੈ ਕਿ ਇਹ ਕਿੰਨਾ ਕੁ ਚਿਰ ਕਢੇਗੀ। ਪਰ ਸਾਡੀ ਜਿੰਦ ਨੂੰ ਕੋਈ ਤ੍ਰੋਪਾ ਜਾਂ ਕਿਲ ਆਦਿ ਨਹੀਂ ਲਗੇ ਹੋਏ। ਇਸਦਾ ਤਾਂ ਪਲ ਭਰ ਦਾ ਵੀ ਵਿਸਾਹ ਨਹੀਂ ਕੀਤਾ ਜਾ ਸਕਦਾ ਕਿ ਕਦੋਂ ਫ਼ੁਰਰ ਹੋ ਜਾਏ, ਸਰੀਰ ਨੂੰ ਛੱਡ ਜਾਏ। ਹਰ ਇਕ ਜੀਵ ਨੇ ਆਪੋ ਆਪਣੀ, ਮਿਥੀ ਹੋਈ ਵਾਰੀ ਅਨੁਸਾਰ ਇਸ ਸੰਸਾਰ ਤੋਂ ਤੁਰ ਜਾਣਾ ਹੈ, ਚਾਹੇ ਉਹ ਸ਼ੇਖ ਹੋਵੇ ਜਾਂ ਕੋਈ ਹੋਰ ਵਡੇ ਤੋਂ ਵਡਾ ਅਖਵਾਉਣ ਵਾਲਾ ਹੋਵੇ – 'ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥ ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥', ਅੰਕ

੧੩੮੦. ਪੰਚਮ ਪਾਤਸ਼ਾਹ ਦੇ ਬਚਨਾਂ ਅਨੁਸਾਰ ਇਕ ਪ੍ਰਭੂ ਹੀ ਸਦਾ ਥਿਰ ਰਹਿਣ ਵਾਲਾ ਹੈ – 'ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ॥', ਅੰਕ ੯੨੪.

**ਮੇ ਰਵਦਿ ਬਾਦਸਾਹਾ ਅਫਜੂ ਖੁਦਾਇ॥**

**ਅਰਥ** : ਇਸ ਦੁਨੀਆਂ ਤੋਂ ਤਾਂ ਬਾਦਸ਼ਾਹ ਆਦਿ ਤਕ ਨੇ, ਆਖਰ ਕੂਚ ਕਰ ਹੀ ਜਾਣਾ ਹੈ। ਇਕ ਖ਼ੁਦਾ, ਵਾਹਗੁਰੂ ਹੀ ਹੈ ਜੋ ਬਾਕੀ ਰਹਿ ਜਾਣਾ ਹੈ, ਉਹ ਨਾਸ਼ਵੰਤ ਨਹੀਂ।

ਸ੍ਰੀ ਗੁਰੂ ਨਾਨਕ ਸਾਹਿਬ ਦੀ 'ਜਪੁ' ਬਾਣੀ ਦੇ ਮੁਢਲੇ ਸਲੋਕ ਵਿਚ, ਮਹਾਰਾਜ ਦਸਦੇ ਹਨ ਕਿ ਉਹ ਅਕਾਲ ਪੁਰਖ, ਹਮੇਸ਼ਾਂ ਤੋਂ ਸਚ, ਭਾਵ, ਥਿਰ ਹੋਂਦ ਰਖਣ ਵਾਲਾ ਹੈ ਅਤੇ ਰਹੇਗਾ – 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੦੮੨ ਤੇ, ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੀ ਹੋਂਦ ਕਾਲ ਰਹਿਤ ਹੈ, ਜਿਸ ਦਾ ਕਦੇ ਵੀ ਨਾਸ ਨਹੀਂ ਹੁੰਦਾ – 'ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥'

**ਏਕ ਤੂਹੀ ਏਕ ਤੁਹੀ॥੧॥**

**ਅਰਥ** : ਹੇ ਵਾਹਗੁਰੂ ! ਇਕ ਤੂੰ ਹੀ ਹੈਂ, ਇਕ ਤੂੰ ਹੀ ਹੈਂ।੧।

ਭਾਵ, ਪ੍ਰਭੂ ਇਕ ਹੀ ਹੈ, ਕੇਵਲ ਇਕ ਹੀ ਹੈ। ਉਹ ਕਦੇ ਨਾਸ ਨਹੀਂ ਹੋਣ ਵਾਲਾ। ਸ੍ਰੀ ਗੁਰੂ ਨਾਨਕ ਸਾਹਿਬ ਨੇ 'ਜਪੁ' ਬਾਣੀ ਵਿਚ ਚਾਰ ਵਾਰ ਇਕੋ ਪੰਕਤੀ ਦਾ ਉਚਾਰਣ ਕੀਤਾ ਹੈ ਕਿ ਹੇ ਨਿਰੰਕਾਰ ! ਤੂੰ ਸਦਾ ਰਹਿਣ ਵਾਲਾ, ਅਟਲ ਹੈਂ – 'ਤੂ ਸਦਾ ਸਲਾਮਤ ਨਿਰੰਕਾਰ॥' ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੩੫੦ ਤੇ ਪ੍ਰਭੂ ਦੇ ਇਕ ਹੋਣ ਬਾਰੇ ਜ਼ੋਰ ਦੇ ਕੇ ਫ਼ੁਰਮਾਣ ਕਰਦੇ ਹਨ – 'ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥' 'ਏਕ ਤੂਹੀ ਏਕ ਤੁਹੀ' ਦੇ ਦੁਹਰਾਉ ਨਾਲ, ਗੁਰੂ ਪਾਤਸ਼ਾਹ ਨੇ, ਸਿਮਰਣ ਦਾ ਉਪਦੇਸ਼ ਵੀ ਦਿਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ, ਸ੍ਰੀ ਦਸਮ ਗ੍ਰੰਥ ਸਾਹਿਬ ਵਿਚਲੀ ਬਾਣੀ, ਅਕਾਲ ਉਸਤਤਿ ਵਿਚ ਕਈ ਵੇਰ ਤੁਹੀ ਤੁਹੀ ਕਹਿ ਕੇ ਪ੍ਰਭੂ ਦਾ ਸਿਮਰਣ ਵੀ ਕੀਤਾ ਹੈ – 'ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੧੯॥੬੯॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੨੦॥੭੦॥'

**ਮਃ ੧ ॥**

**ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥**

**ਅਸਤਿ ਏਕ ਦਿਗਰਿ ਕੁਈ॥**

**ਏਕ ਤੁਈ ਏਕ ਤੁਈ॥੨॥**

**ਨਰਾ – ਨਰ, ਮਨੁਖ; ਧਰਾ – ਧਰਤੀ ਤੇ; ਦਿਗਰਿ – ਦੂਜਾ; ਕੁਈ – ਕੌਣ**

ਇਥੋਂ, ਸ੍ਰੀ ਗੁਰੂ ਨਾਨਕ ਸਾਹਿਬ ਦਾ, ਅਗਲਾ ਸਲੋਕ ਸ਼ੁਰੂ ਹੋ ਜਾਂਦਾ ਹੈ।

**ਅਰਥ** : ਪਹਿਲੇ ਸਲੋਕ ਦਾ ਭਾਵ ਅਗੇ ਤੋਰਦੇ ਹੋਏ, ਸਤਿਗੁਰੂ ਜੀ, ਅਗੋਂ ਫ਼ੁਰਮਾਣ ਕਰਦੇ ਹਨ ਕਿ ਨਾ ਕੋਈ ਦੇਵਤਾ, ਨਾ ਕੋਈ ਰਾਖ਼ਸ਼ ਅਤੇ ਨਾ ਕੋਈ ਨਰ, ਮਨੁਖ ਹੀ ਇਥੇ ਸਦਾ ਲਈ ਰਿਹਾ। ਨਾ ਕੋਈ ਰਿਧੀਆਂ ਸਿਧੀਆਂ ਆਦਿ ਨੂੰ ਪ੍ਰਾਪਤ ਸਿਧ, ਸਾਧ ਆਦਿਕ ਸਦਾ ਲਈ ਇਸ ਧਰਤੀ ਤੇ ਰਹੇ।

ਰਿਗ ਵੇਦ ਦੇ ੧੦ਵੇਂ ਮੰਡਲ ਦਾ ੧੨੯ਵਾਂ ਸੂਕਤ ਵੀ ਦੇਵਤਿਆਂ ਨੂੰ ਅਨਾਦੀ ਨਹੀਂ ਮੰਨਦਾ।

ਇਹ ਸੂਕਤ ਰਿਸ਼ੀ ਪ੍ਰਜਾਪਤੀ ਪਰਮੇਸ਼ਠਿਨ ਦੁਆਰਾ ਰਚਿਤ ਹੈ - 'ਫ਼ਿਰ ਸ੍ਰਿਸ਼ਟੀ ਦੇ ਰਹੱਸ ਨੂੰ ਕੌਣ ਜਾਣਦਾ ਹੈ, ਕੌਣ ਦਸ ਸਕਦਾ ਹੈ, ਇਹ ਕਦੋਂ ਉਤਪੰਨ ਹੋਈ। ਦੇਵਤੇ ਵੀ ਸ੍ਰਿਸ਼ਟੀ ਤੋਂ ਬਾਅਦ ਹੀ ਉਤਪੰਨ ਹੋਏ, ਫ਼ਿਰ ਕੌਣ ਦਸ ਸਕਦਾ ਹੈ, ਸ੍ਰਿਸ਼ਟੀ ਕਦੋਂ ਪੈਦਾ ਹੋਈ !'

### ਅਸਤਿ ਏਕ ਦਿਗਰਿ ਕੁਈ॥

**ਅਰਥ** : ਸਦਾ ਥਿਰ ਰਹਿਣ ਵਾਲਾ ਸਿਰਫ਼ ਇਕ ਹੀ ਹੈ। ਹੋਰ ਦੂਜਾ ਕੌਣ ਹੋ ਸਕਦਾ ਹੈ ? ਭਾਵ, ਕੋਈ ਹੋਰ ਦੂਜਾ ਸਦਾ ਲਈ ਥਿਰ ਨਹੀਂ ਹੈ। ਸਿਰਫ਼ ਤੇ ਸਿਰਫ਼ ਇਕ ਪਰਮਾਤਮਾ ਹੀ ਅਟੱਲ ਹੈ, ਸਦਾ ਰਹਿਣ ਵਾਲਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਉਹ ਮੇਰਾ ਗੁਰੂ ਰੂਪ ਅਕਾਲ ਪੁਰਖ ਸਦਾ ਤੋਂ ਹੈ, ਨਾ ਜੰਮਦਾ ਹੈ ਨਾ ਮਰਦਾ ਹੈ, ਉਹ ਨਾਸ ਰਹਿਤ ਹੈ ਅਤੇ ਸਭ ਵਿਚ ਸਮਾਇਆ ਹੋਇਆ ਹੈ - 'ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥', ਅੰਕ ੭੫੮.

### ਏਕ ਤੁਈ ਏਕ ਤੁਈ॥੨॥

**ਅਰਥ** : ਇਕ ਤੂੰ ਹੀ ਹੈਂ, ਇਕ ਤੂੰ ਹੀ ਹੈਂ।੨।

ਭਾਵ, ਇਕ ਪਰਮਾਤਮਾ ਹੀ ਸਦਾ ਰਹਿਣ ਵਾਲਾ ਹੈ, ਹੋਰ ਕੋਈ ਨਹੀਂ। ਇਸ ਕਰਕੇ ਇਹੀ ਜਪੋ ਕਿ 'ਏਕ ਤੁਈ ਏਕ ਤੁਈ.........'

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੨੯੧ ਤੇ, ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਇਕੱਲਾ ਆਪ ਹੀ ਸਭ ਪਾਸੇ ਸਭ ਕੁਝ ਕਰ ਰਿਹਾ ਹੈ, ਸਮਾਇਆ ਹੋਇਆ ਹੈ ਅਤੇ ਸਾਰੀ ਬਣਤ, ਰਚਨਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਆਪ ਹੀ ਸਭ ਪਾਸੇ ਸਮਾਇਆ ਹੋਇਆ ਹੈ - 'ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥'

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੩੬ ਤੇ, ਫ਼ੁਰਮਾਣ ਕਰਦੇ ਹਨ ਕਿ ਇਕੋ ਪ੍ਰਭੂ ਹੀ ਦਾਤਾ ਹੈ ਜੋ ਹਰ ਥਾਂ ਤੇ ਸਭ ਕੁਝ ਕਰ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਹੈ। ਜੇ ਉਸੇ ਦਾ ਹੀ, ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਰਾਹੀਂ ਨਾਮ ਜਪ ਕੇ, ਉਹ ਮਨ ਵਿਚ ਵਸ ਜਾਏ ਤਾਂ ਸਹਜ ਅਵੱਸਥਾ ਦਾ ਸੁਖ ਪ੍ਰਾਪਤ ਹੋ ਜਾਏ - 'ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥ ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ॥'

ਸ੍ਰੀ ਗੁਰੂ ਅਰਜਨ ਸਾਹਿਬ, ੮੮੪ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਤੂੰ ਇਕ ਹੀ ਹੈਂ, ਇਕ ਹੀ ਹੈਂ, ਤੂੰ ਹੀ ਇਕੋ ਮਾਲਕ ਹੈਂ, ਤੇਰੀ ਕਿਰਪਾ ਨਾਲ ਹੀ ਹਰ ਕਿਸਮ ਦਾ ਸੁਖ ਮਿਲਦਾ ਹੈ - 'ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ ਸੁਖੁ ਪਾਇਆ॥' ਹਰ ਤਰ੍ਹਾਂ ਦੇ ਦੁਖ ਅਤੇ ਸੁਖ, ਪ੍ਰਭੂ ਦੀ ਆਗਿਆ ਨਾਲ ਹੀ ਮਿਲਦੇ ਹਨ, ਜੀਵ ਲਈ ਆਸਰੇ ਦੀ ਹੋਰ ਕੋਈ ਥਾਂ ਨਹੀਂ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ - 'ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥', ਅੰਕ ੪੩੨.

ਤੁਹੀ ਤੁਹੀ ਤੁਹੀ ਤੁਹੀ ਤੁਹੀ ਤੁਹੀ ਤੁਹੀ ਤੁਹੀ.......................